# Punjabi 12

June 2003 Provincial Examination

## ANSWER KEY / SCORING GUIDE

**Topics:**
1. Interpersonal Communications – Language Elements
2. Creative Written Works
3. Informational Communication
4. Interpersonal Communications – Written Expression

**Multiple Choice**

| Q | K | C | S | T | Q | K | C | S | T |
|---|---|---|---|---|---|---|---|---|---|
| 1. | B | K | 1 | 1 | 16. | B | U | 1 | 2 |
| 2. | C | K | 1 | 1 | 17. | A | U | 1 | 2 |
| 3. | A | K | 1 | 1 | 18. | D | U | 1 | 2 |
| 4. | A | K | 1 | 1 | 19. | B | U | 1 | 2 |
| 5. | C | K | 1 | 1 | 20. | B | U | 1 | 2 |
| 6. | B | K | 1 | 1 | 21. | D | U | 1 | 3 |
| 7. | C | K | 1 | 1 | 22. | D | U | 1 | 3 |
| 8. | C | K | 1 | 1 | 23. | B | U | 1 | 3 |
| 9. | B | K | 1 | 1 | 24. | B | U | 1 | 3 |
| 10. | A | K | 1 | 1 | 25. | B | U | 1 | 3 |
| 11. | C | U | 1 | 2 | 26. | A | U | 1 | 3 |
| 12. | D | U | 1 | 2 | 27. | C | U | 1 | 3 |
| 13. | C | U | 1 | 2 | 28. | B | U | 1 | 3 |
| 14. | C | U | 1 | 2 | 29. | B | U | 1 | 3 |
| 15. | A | U | 1 | 2 | 30. | D | U | 1 | 3 |

**Multiple Choice = 30 marks**

**Written Response**

| Q | B | C | S | T |
|---|---|---|---|---|
| 1. | 1 | U | 10 | 1 |
| 2. | 2 | U | 5 | 2 |
| 3. | 3 | U | 5 | 2 |
| 4. | 4 | U | 5 | 3 |
| 5. | 5 | U | 5 | 3 |
| 6. | 6 | H | 10 | 4 |
| 7. | 7 | H | 10 | 4 |
| 8. | 8 | H | 10 | 4 |

**Written Response = 60 marks**

Multiple Choice = 30 marks
Written Response = 60 marks
**EXAMINATION TOTAL = 90 marks**

**LEGEND:**

| | | |
|---|---|---|
| **Q** = Question Number | **K** = Keyed Response | **C** = Cognitive Level |
| **B** = Score Box Number | **S** = Score | **T** = Topic |

**SECTION 2: LANGUAGE ELEMENTS B**

**Value: 10 marks** **Suggested Time: 10 minutes**

| | |
|---|---|
| **INSTRUCTIONS:** | Read the following passage carefully. Fill in each of the blanks with an appropriate word or phrase in **Punjabi** that is consistent with the context of the passage. In order to provide you with freedom of expression, most blanks have at least two correct responses. |

## ਗਰਮੀ ਦਾ ਦਿਨ

ਪਿਛਲੇ ਸਾਲ ਮੈਂ ਪੰਜਾਬ ਗਿਆ ਹੋਇਆ ਸਾਂ। ਪੰਜਾਬ ਵਿੱਚ ਜੂਨ-ਜੁਲਾਈ ਦੇ ਮਹੀਨੇ ਸਖ਼ਤ ਗਰਮੀ ਪੈਂਦੀ ਹੈ ਪਰ ਕਿਸੇ-ਕਿਸੇ ਦਿਨ ਗਰਮੀ ਦੀ ਅੱਤ (extreme) ਹੋ ਜਾਂਦੀ ਹੈ। ਇੱਕ ਦਿਨ ਮੈਂ ਸਵੇਰੇ ਪੰਜ ਵਜੇ ਉਠਿਆ ਤਾਂ __________ (1a) ਗਰਮੀ ਸੀ। ਮੈਂ ਪੱਖਾ ਲਗਾ ਕੇ ਅਖ਼ਬਾਰ ਦੀ __________ (1b) ਕਰਨ ਲੱਗਾ। ਅਖ਼ਬਾਰ ਆਈ ਤਾਂ ਦੇਖਿਆ ਉਸ ਦੇ ਪਹਿਲੇ ਸਫ਼ੇ ਤੇ ਹੀ ਵੱਡੀ ਸੁਰਖੀ (headline) ਸੀ: 'ਪੰਜਾਬ ਵਿੱਚ __________ (1c) ਵੱਧ ਰਹੀ ਗਰਮੀ।' ਇੰਨੇ ਚਿਰ ਨੂੰ ਬਿਜਲੀ ਬੰਦ ਹੋਣ ਕਾਰਨ ਪੱਖਾ ਬੰਦ ਹੋ ਗਿਆ। ਮੈਂ __________ (1d) ਨਾਲ ਭਿੱਜਣ ਲੱਗਾ। ਮੈਂ ਜਲਦੀ ਨਾਲ ਠੰਡੇ ਪਾਣੀ ਨਾਲ ਨਹਾਤਾ। ਇਸ ਨਾਲ ਸਰੀਰ ਨੂੰ __________ (1e) ਪੈ ਗਈ। ਥੋਹੜੀ ਦੇਰ ਬਾਅਦ ਮੰਮੀ ਜੀ ਨੇ ਮੇਜ਼ ਤੇ __________ (1f) ਰੱਖਿਆ। ਮੰਮੀ ਜੀ ਵੀ ਪਸੀਨੇ ਨਾਲ ਭਿੱਜੇ ਹੋਏ ਸਨ ਕਿਉਂਕਿ ਉਹ __________ (1g) ਕੋਲ ਬੈਠ ਕੇ ਪਰੌਂਠੇ ਬਣਾ ਕੇ ਆਏ ਸਨ। ਉਹ ਪੱਖੇ ਥੱਲੇ ਬੈਠਣ ਆਏ ਸਨ ਪਰ ਪੱਖਾ ਚੱਲ ਨਹੀਂ ਸੀ ਰਿਹਾ। ਜਿਉਂ-ਜਿਉਂ ਸੂਰਜ ਉੱਪਰ ਆਇਆ, ਗਰਮੀ ਵਧੀ, ਸੜਕਾਂ ਤੇ ਲੋਕਾਂ ਦੀ ਆਵਾਜਾਈ ਬਹੁਤ ਹੀ __________ (1h) ਹੋ ਗਈ। ਲੋਕੀ ਘਰਾਂ ਵਿੱਚ ਆਰਾਮ ਕਰਨ ਲਈ ਠਹਿਰ ਗਏ ਸਨ। ਸੜਕਾਂ ਤੇ ਸਿਰਫ਼ ਸ਼ਕੰਜਵੀ, ਆਈਸ ਕਰੀਮ, ਬਰਫ਼ ਦੇ ਗੋਲੇ ਆਦਿ ਠੰਡੀਆਂ ਚੀਜ਼ਾਂ ਵੇਚਣ ਵਾਲਿਆਂ ਦੀਆਂ ਅਵਾਜ਼ਾਂ ਆ ਰਹੀਆਂ ਸਨ। ਗਰਮੀ ਵਿੱਚ __________ (1i) ਵੀ ਇਹਨੀ ਲਗਦੀ ਸੀ ਕਿ ਪਾਣੀ ਪੀ-ਪੀ ਕੇ ਮਿੱਟ ਹੀ ਨਹੀਂ ਸੀ ਰਹੀ। ਪੰਜ ਕੁ ਵਜੇ, ਸ਼ਾਮ ਹੋਣ ਨਾਲ, __________ (1j) ਕੁਝ ਘਟਣ ਲੱਗੀ। ਮੱਠੀ-ਮੱਠੀ ਹਵਾ ਚਲਣ ਨਾਲ ਸਾਹ ਕੁਝ ਸੌਖਾ ਆਉਣ ਲੱਗ ਪਿਆ। ਸਾਰਿਆਂ ਦੇ ਮੂੰਹ ਤੇ ਰੌਣਕ ਆ ਗਈ।

**Possible responses:**

a) ਬੜੀ
ਬਹੁਤ
ਬੇਹੱਦ
ਸਖ਼ਤ
ਬਹੁਤੀ
ਬਾਹਲੀ
ਬੇਸ਼ੁਮਾਰ

b) ਖੋਜ
ਭਾਲ
ਤਲਾਸ਼
ਉਡੀਕ

c) ਬਹੁਤ
ਬੇਹੱਦ
ਸਖ਼ਤ
ਬਹੁਤੀ
ਬਾਹਲੀ
ਰੋਜ਼ਾਨਾ
ਬੇਸ਼ੁਮਾਰ
ਹਰ ਰੋਜ਼
ਦਿਨੋ ਦਿਨ
ਦਿਨ-ਬ-ਦਿਨ
ਜ਼ਿਆਦਾ
ਅਤੀ
ਹਦੋਂ

d) ਮੁੜ੍ਹਕੇ
ਪਸੀਨੇ
ਗਰਮੀ

e) ਠੰਡ
ਜਾਨ
ਸ਼ਾਂਤੀ
ਰਾਹਤ
ਚੁਸਤੀ
ਚੈਨ

f) ਖਾਣਾ
ਭੋਜਨ
ਪਰੌਂਠਾ
ਨਾਸ਼ਤਾ
ਪਾਣੀ

g) ਚੁੱਲ੍ਹੇ
ਅੱਗ
ਗੈਸ
ਤੰਦੂਰ
ਸਟੋਵ
ਅੰਗੀਠੀ
ਤਵਾ
ਅੱਗ

h) ਕਮ
ਘੱਟ
ਥੋੜ੍ਹੀ

i) ਤ੍ਰੇਹ
ਤੇਹ
ਤਿਹਾ
ਪਿਆਸ

j) ਲੂ
ਗਰਮੀ
ਮੁਸੀਬਤ
ਤਕਲੀਫ਼
ਔਖਿਆਈ
ਧੁੱਪ

**NOTE:** **$\frac{1}{2}$ mark will be awarded for communication.**

**$\frac{1}{2}$ mark will be awarded for accuracy: spelling, accents and grammatical correctness.**

## PART B: CREATIVE WRITTEN WORKS

## SECTION 3: FICTION (PROSE)

| | |
|---|---|
| **INSTRUCTIONS:** | Answer question 2 in **English**. Your answers must be based on the passage on page 4. Complete sentences are not required. |

### ਘੋੜਾ ਆਦਮੀ ਦਾ ਗੁਲਾਮ

ਬਹੁਤ ਪੁਰਾਣੀ ਗੱਲ ਹੈ ਕਿ ਕਿਸੇ ਜੰਗਲ ਵਿੱਚ ਜਾਨਵਰ ਅਤੇ ਪੰਛੀ ਰਹਿ ਰਹੇ ਸਨ। ਇੱਕ ਦਿਨ ਪਸ਼ੂ ਪੰਛੀਆਂ ਵਿੱਚ ਕਿਸੇ ਗੱਲ ਤੋਂ ਲੜਾਈ ਸ਼ੁਰੂ ਹੋ ਗਈ। ਜੰਗਲ ਦੇ ਕੁਝ ਵੱਡੇ ਜਾਨਵਰਾਂ ਨੇ ਅੱਗੇ ਆ ਕੇ ਕੁਝ ਦੇਰ ਲਈ ਝਗੜਾ ਬੰਦ ਕਰਵਾਇਆ। ਫ਼ਿਰ ਸਾਰੇ ਜਾਨਵਰਾਂ ਨੇ ਫ਼ੈਸਲਾ ਕੀਤਾ ਕਿ ਕਿਸੇ ਇੱਕ ਜਾਨਵਰ ਨੂੰ ਸਰਦਾਰ (leader) ਬਣਾ ਲਿਆ ਜਾਵੇ ਅਤੇ ਬਾਕੀ ਸਾਰੇ ਉਸਦੀ ਗੱਲ ਮੰਨਿਆ ਕਰਨ। ਇਸ ਤਰ੍ਹਾਂ ਕਰਨ ਨਾਲ ਲੜਾਈ ਹਮੇਸ਼ਾਂ ਲਈ ਖ਼ਤਮ ਹੋ ਜਾਏਗੀ।

ਹੁਣ ਪ੍ਰਸ਼ਨ ਇਹ ਰਹਿ ਗਿਆ ਕਿ ਸਰਦਾਰ ਕਿਸਨੂੰ ਬਣਾਇਆ ਜਾਏ? ਹਰ ਜਾਨਵਰ ਸਰਦਾਰ ਬਣਨਾ ਚਾਹੁੰਦਾ ਸੀ। ਬਘਿਆੜ (wolf) ਨੇ ਅੱਗੇ ਆ ਕੇ ਕਿਹਾ, "ਦੇਖੋ ਭਾਈ, ਸਾਡੇ ਸਾਰੇ ਜਾਨਵਰਾਂ ਵਿੱਚੋਂ ਆਦਮੀ ਸਭ ਤੋਂ ਸਿਆਣਾ ਹੈ ਇਸ ਲਈ ਇਸ ਨੂੰ ਆਪਣਾ ਸਰਦਾਰ ਚੁਣ ਲਿਆ ਜਾਏ। ਫ਼ੇਰ ਪ੍ਰਸ਼ਨ ਇਹ ਉੱਠਿਆ ਕਿ ਆਦਮੀ ਨੂੰ ਜੰਗਲ ਵਿੱਚ ਕਿਵੇਂ ਬੁਲਾਇਆ ਜਾਵੇ। ਹਰੇਕ ਨੇ ਇੱਕ ਦੂਸਰੇ ਨੂੰ ਜਾਣ ਲਈ ਕਿਹਾ ਪਰ ਕੋਈ ਵੀ ਡਰਦਾ ਆਦਮੀ ਕੋਲ ਜਾਣ ਲਈ ਤਿਆਰ ਨਾ ਹੋਇਆ। ਇਸ ਵਕਤ ਘੋੜਾ ਆਪਣੇ ਮਨ ਵਿੱਚ ਸੋਚਣ ਲੱਗਾ, "ਜੇਕਰ ਮੈਂ ਆਦਮੀ ਨੂੰ ਲੈਣ ਚਲਾ ਜਾਵਾਂ ਤਾਂ ਰਸਤੇ ਵਿੱਚ ਉਸਨੂੰ ਸਾਰੀ ਗੱਲ ਸਮਝਾ ਦਿਆਂਗਾ। ਫ਼ਿਰ ਉਹ ਇੱਥੇ ਆ ਕੇ ਮੈਨੂੰ ਹੀ ਸਰਦਾਰ ਚੁਣ ਲਵੇਗਾ। ਇਹ ਸੋਚ ਕੇ ਘੋੜਾ ਬੜੀ ਤੇਜ਼ੀ ਨਾਲ ਆਦਮੀ ਨੂੰ ਲੈਣ ਚਲਾ ਗਿਆ।

ਉਹ ਥੋਹੜੀ ਹੀ ਦੇਰ ਵਿੱਚ ਆਦਮੀ ਕੋਲ ਪਹੁੰਚ ਗਿਆ ਅਤੇ ਉਸਨੂੰ ਸਰਦਾਰ ਚੁਣਨ ਵਾਲੀ ਸਾਰੀ ਕਹਾਣੀ ਸੁਣਾਈ। ਆਦਮੀ ਨੇ ਕਿਹਾ, "ਘੋੜੇ ਭਾਈ, ਮੈਂ ਤਾਂ ਤੇਰੇ ਨਾਲ ਚਲਣ ਲਈ ਤਿਆਰ ਹਾਂ ਪਰ ਮੈਂ ਇੰਨੀ ਦੂਰ ਤੱਕ ਤੁਰ ਨਹੀਂ ਸਕਦਾ।" ਘੋੜੇ ਨੇ ਕੁਝ ਸੋਚ ਕੇ ਕਿਹਾ, "ਤੁਸੀਂ ਇਸਦੀ ਚਿੰਤਾ ਨਾ ਕਰੋ। ਮੇਰੀ ਪਿੱਠ ਤੇ ਸਵਾਰ ਹੋ ਜਾਓ। ਮੈਂ ਥੋੜੀ ਹੀ ਦੇਰ ਵਿੱਚ ਤੁਹਾਨੂੰ ਉੱਥੇ ਪਹੁੰਚਾ ਦਿਆਂਗਾ।" "ਅਰੇ ਭਾਈ, ਤੇਰੇ ਤੇਜ਼ ਦੌੜਨ ਨਾਲ ਮੈਂ ਡਿੱਗ ਪਵਾਂਗਾ। ਨਾ ਭਾਈ ਨਾ, ਮੈਂ ਤੇਰੇ ਨਾਲ ਨਹੀਂ ਜਾ ਸਕਦਾ," ਆਦਮੀ ਨੇ ਕਿਹਾ। "ਡਰੋ ਨਹੀਂ, ਤੁਸੀਂ ਮੇਰੇ ਗਲੇ ਵਿੱਚ ਇੱਕ ਰੱਸੀ ਬੰਨ ਦਿਓ। ਉਸ ਰੱਸੀ ਨੂੰ ਪਕੜ ਕੇ ਆਰਾਮ ਨਾਲ ਮੇਰੀ ਪਿੱਠ ਤੇ ਬੈਠ ਜਾਓ। ਫ਼ਿਰ ਤੁਸੀਂ ਨਹੀਂ ਡਿੱਗੋਗੇ," ਘੋੜੇ ਨੇ ਜਵਾਬ ਦਿੱਤਾ। ਆਦਮੀ ਨੇ ਘੋੜੇ ਦੇ ਗਲੇ ਵਿੱਚ ਰੱਸੀ ਬੰਨੀ ਅਤੇ ਕੁੱਦਕੇ (jumped) ਉਸਦੀ ਪਿੱਠ ਤੇ ਸਵਾਰ ਹੋ ਗਿਆ। ਆਦਮੀ ਨੂੰ ਲੱਗਾ ਕਿ ਘੋੜਾ ਤਾਂ ਸਵਾਰੀ ਦਾ ਬਹੁਤ ਹੀ ਵਧੀਆ ਸਾਧਨ ਹੈ।

ਉਸ ਦਿਨ ਘੋੜਾ ਜਾਨਵਰਾਂ ਦਾ ਸਰਦਾਰ ਤਾਂ ਨਾ ਬਣਿਆ ਪਰ ਆਦਮੀ ਦਾ ਗ਼ੁਲਾਮ ਜ਼ਰੂਰ ਬਣ ਕੇ ਰਹਿ ਗਿਆ। ਉਸ ਦਿਨ ਤੋਂ ਲੈ ਕੇ ਅੱਜ ਤੱਕ ਘੋੜਾ ਆਦਮੀ ਦਾ ਗ਼ੁਲਾਮ ਬਣਿਆ ਹੋਇਆ ਹੈ।

2. a) Why were the animals unwilling to bring a human to the jungle? **(1 mark)**

**Response:**

- **None of the animals were willing to bring a human to the jungle because they were scared of humans.**

b) Why did the horse agree to bring a human to the jungle? **(1 mark)**

**Response:**

- **The horse agreed to go because he thought that he would be able to ask the human to tell all the animals to choose the horse as their leader.**

c) What two things did the horse say to convince the man to come with him? **(2 marks)**

**Response:**

- **The horse convinced the man to come with him by offering a ride on his back and a rope to hold on to so he would not fall off.**

d) How did the man demonstrate his intelligence? **(1 mark)**

**Response:**

- **The man demonstrated his intelligence by tricking the horse into giving him a ride on his back.**
- **The man demonstrated his intelligence by using the horse as a method of tranporation and that continues to this day. Thus, the horse became man's slave.**

## SECTION 4: FICTION (DRAMA)

**INSTRUCTIONS:** Answer question 3 in **Punjabi**. Your answers must be based on the drama on page 8. Complete sentences are not required.

### ਚੱਲ ਕਸਰਤ ਕਰੀਏ

ਜੂਲੀਆ : ਕੀ ਹਾਲ ਹੈ ਰੂਬੀ ?

ਰੂਬੀ : ਚੰਗਾ ਹੈ ।

ਜੂਲੀਆ : ਆਜਾ ਆਈਸ ਕਰੀਮ ਖਾਈਏ ।

ਰੂਬੀ : ਨਹੀਂ, ਮੈਂ ਅੱਜ-ਕੱਲ੍ਹ ਆਪਣਾ ਭਾਰ ਘਟਾ ਰਹੀ ਹਾਂ । ਬਹੁਤ ਵੱਧ ਗਿਆ ਹੈ । ਪਤਾ ਨਹੀਂ ਕਿਉਂ ?

ਜੂਲੀਆ : ਹਾਂ, ਕਾਰਲੀ ਦੇ ਜਨਮ ਤੋਂ ਬਾਅਦ ਮੇਰਾ ਵੀ ਭਾਰ ਘਟਿਆ ਹੀ ਨਹੀਂ । ਮੈਂ ਬਹੁਤ ਕੋਸ਼ਿਸ਼ ਕੀਤੀ ਸੀ । ਬਹੁਤ ਸਾਰੀਆਂ ਵਿਸ਼ੇਸ਼ ਖੁਰਾਕਾਂ (diets) ਵਰਤੀਆਂ ।

ਰੂਬੀ : ਪਰ ਹੁਣ ਤਾਂ ਤੇਰਾ ਭਾਰ ਠੀਕ ਲਗਦਾ ਹੈ ।

ਜੂਲੀਆ : ਹਾਂ-ਹਾਂ, ਕਰ ਲੈ ਮਜ਼ਾਕ ।

ਰੂਬੀ : ਨਹੀਂ, ਸੱਚੀਂ !

ਜੂਲੀਆ : ਵੈਸੇ ਮੈਂ ਅੱਜ-ਕੱਲ੍ਹ ਸਿਰਫ਼ ਕਸਰਤ (exercise) ਕਰਨ ਜਾਂਦੀ ਹਾਂ । ਮੈਂ ਕਸਰਤ-ਘਰ (gymnasium) ਜਾ ਕੇ ਹਰ ਰੋਜ਼ ਇੱਕ ਘੰਟਾ ਕਸਰਤ ਕਰਦੀ ਹਾਂ ।

ਰੂਬੀ : ਇਹ ਤਾਂ ਬਹੁਤ ਚੰਗਾ ਹੈ । ਕਿਹੜੇ ਕਸਰਤ-ਘਰ ਜਾਂਦੀ ਹੈਂ ?

ਜੂਲੀਆ : ਜਿਹੜਾ ਮਾਰਸ਼ਲ ਰੋਡ ਤੋਂ ਖੱਬੇ ਮੁੜ ਕੇ ਮਾਨਸਾ ਰੋਡ ਤੇ ਹੈ । ਇਹ ਸਿਰਫ਼ ਔਰਤਾਂ ਵਾਸਤੇ ਹੀ ਹੈ । ਇਹ ਇੱਕ ਮਹੀਨੇ ਦੇ ਤੀਹ ਡਾਲਰ ਮੈਂਬਰਸ਼ਿਪ ਲਈ ਲੈਂਦੇ ਹਨ ।

ਰੂਬੀ : ਇਹਨਾਂ ਕੋਲ ਕਸਰਤ ਕਰਨ ਦੇ ਕਿਹੜੇ ਸਾਧਨ ਹਨ ?

ਜੂਲੀਆ : ਅੰਦਰ ਬਹੁਤ ਕੁੱਝ ਹੈ । ਭਾਰ ਚੁਕਣ ਵਾਲੀਆਂ ਮਸ਼ੀਨਾਂ, ਤੁਰਨ ਵਾਲੀਆਂ ਮਸ਼ੀਨਾਂ, ਕਸਰਤ ਕਰਨ ਵਾਲੇ ਸਾਈਕਲ (bikes) ਅਤੇ ਹੋਰ ਵੀ ਕਈ ਚੀਜ਼ਾਂ ਹਨ । ਇਸ ਤੋਂ ਇਲਾਵਾ ਇੱਥੇ ਦੀ ਮੈਂਬਰਸ਼ਿਪ ਨਾਲ ਹੋਰ ਵੀ ਕਈ ਫ਼ਾਇਦੇ ਹਨ ।

ਰੂਬੀ : ਜਿਵੇਂ ?

ਜੂਲੀਆ : ਜਿਵੇਂ, ਮੈਂ ਮੈਂਬਰਸ਼ਿਪ ਕਾਰਡ ਦਿਖਾ ਕੇ ਇੱਥੇ ਅੰਦਰ ਖੁੱਲ੍ਹੀ ਦੁਕਾਨ ਤੋਂ ਕੋਈ ਵੀ ਚੀਜ਼ ਦਸ ਪ੍ਰਤੀਸ਼ਤ ਛੋਟ (discount) ਤੇ ਖਰੀਦ ਸਕਦੀ ਹਾਂ । ਫ਼ੇਰ ਇੱਥੇ ਟਰੇਨਿੰਗ ਦੇਣ ਵਾਲੇ ਟਰੇਨਰਜ਼ ਮੁਫ਼ਤ ਸਲਾਹ ਦਿੰਦੇ ਹਨ । ਕੁੱਝ ਵੀ ਪੁੱਛਣਾ ਹੋਵੇ ਤੁਹਾਡੀ ਮਦਦ ਕਰਦੇ ਹਨ । ਪਾਰਕਿੰਗ ਤਾਂ ਮੁਫ਼ਤ ਹੈ ਹੀ ।

ਰੂਬੀ : ਲਗਦਾ ਹੈ ਤੂੰ ਕਾਫ਼ੀ ਖੁਸ਼ ਹੈਂ ਇਸ ਕਸਰਤ-ਘਰ ਤੋਂ ?

ਜੂਲੀਆ : ਹਾਂ । ਹੋਰ ਵੀ ਬਹੁਤ ਕੁੜੀਆਂ ਹਨ ਜਿਹੜੀਆਂ ਹੁਣ ਮੇਰੀਆਂ ਸਹੇਲੀਆਂ ਬਣ ਗਈਆਂ ਹਨ । ਘਰ ਬੈਠੇ ਬੋਰ ਨਹੀਂ ਹੋਣਾ ਪੈਂਦਾ ਹੁਣ । ਤੂੰ ਚੱਲੀਂ ਮੇਰੇ ਨਾਲ ਕਦੀ । ਜੇ ਤੈਨੂੰ ਚੰਗਾ ਲੱਗਾ ਤਾਂ ਤੂੰ ਵੀ ਮੈਂਬਰ ਬਣ ਜਾਵੀਂ ।

ਰੂਬੀ : ਮੇਰੇ ਕੋਲੋਂ ਕਿੱਥੇ ਜਾ ਹੋਣਾ ਹੈ ? ਮੇਰਾ ਬੇਟਾ ਅਜੇ ਛੋਟਾ ਹੈ ਤੇ ਇਹ ਕਿਸੇ ਕੋਲ ਰਹਿੰਦਾ ਨਹੀਂ । ਫ਼ੇਰ ਇਸਨੂੰ ਛੱਡ ਕੇ ਕਿੱਥੇ ਆ ਹੋਣਾ ਹੈ ?

ਜੂਲੀਆ : ਇਸਦਾ ਹੱਲ ਹੈ ਮੇਰੇ ਕੋਲ । ਤੂੰ ਆਪਣੇ ਬੇਟੇ ਨੂੰ ਮੇਰੀ ਕਾਰਲੀ ਨਾਲ ਸਾਡੇ ਬੇਬੇ ਜੀ ਕੋਲ ਛੱਡ ਜਾਵੀਂ । ਉਹ ਬਹੁਤ ਖੁਸ਼ ਹੋਣਗੇ । ਉਹਨਾਂ ਨੂੰ ਬੱਚਿਆਂ ਨਾਲ ਖੇਡਣਾਂ ਬਹੁਤ ਚੰਗਾ ਲਗਦਾ ਹੈ ।

ਰੂਬੀ : ਹਾਂ ਫ਼ੇਰ ਵੀ ਉਹਨਾਂ ਨੂੰ ਔਖਾ ਤਾਂ ਨਹੀਂ ਲੱਗੇਗਾ ?

ਜੂਲੀਆ : ਨਹੀਂ, ਉਹ ਮੈਨੂੰ ਕਹਿੰਦੇ ਹੁੰਦੇ ਹਨ ਕਿ ਕਾਰਲੀ ਨਾਲ ਖੇਡਣ ਲਈ ਕੋਈ ਬੱਚਾ ਹੋਵੇ ਤਾਂ ਚੰਗਾ ਹੈ ।

ਰੂਬੀ : ਚੱਲ੍ਹ ਮੈਂ ਇੱਕ ਦਿਨ ਉਹਨਾਂ ਕੋਲ ਆਪਣੇ ਮਾਈਕਲ ਨੂੰ ਛੱਡ ਕੇ ਤੇਰੇ ਨਾਲ ਕਲੱਬ ਦੇਖ ਕੇ ਆਵਾਂਗੀ । ਜੇ ਮੈਨੂੰ ਠੀਕ ਲੱਗਾ ਤਾਂ ਫ਼ੇਰ ਆਪਾਂ ਕੋਈ ਪ੍ਰਬੰਧ ਕਰ ਲਵਾਂਗੇ । ਜੇ ਤੂੰ ਕਿਸੇ ਵਕਤ ਕਾਰਲੀ ਨੂੰ ਛੱਡ ਕੇ ਜਾਣਾ ਹੋਵੇ ਤਾਂ ਮੇਰੇ ਕੋਲ ਛੱਡ ਕੇ ਜਾ ਸਕਦੀ ਹੈਂ । ਇਸ ਤਰਾਂ ਮਿਲ-ਜੁਲ ਕੇ ਕੰਮ ਹੋ ਜਾਵੇਗਾ ।

ਜੂਲੀਆ : ਚੰਗਾ, ਫਿਰ ਕੱਲ ਚਾਰ ਵਜੇ ਬੇਬੇ ਜੀ ਦੇ ਘਰ ਮਿਲਾਂਗੀਆਂ ।

3. a) ਇਸ ਕਸਰਤ-ਘਰ ਦੀ ਮੈਂਬਰਸ਼ਿਪ ਕਿੰਨੀ ਹੈ ? **(1 mark)**

**Response:**

- **ਇਹ ਇੱਕ ਮਹੀਨੇ ਦੇ ਤੀਹ ਡਾਲਰ ਲੈਂਦੇ ਹਨ ।**

b) ਇਸ ਕਸਰਤ-ਘਰ ਵਿੱਚ ਕਸਰਤ ਕਰਨ ਦੇ ਕੋਈ ਦੋ ਸਾਧਨ ਲਿਖੋ ? **(1 mark)**

**Response:**

- **ਭਾਰ ਚੁਕਣ ਵਾਲੀਆਂ ਮਸ਼ੀਨਾਂ**
- **ਤੁਰਨ ਵਾਲੀਆਂ ਮਸ਼ੀਨਾਂ**
- **ਕਸਰਤ ਕਰਨ ਵਾਲੇ ਸਾਈਕਲ**

c) ਇਸ ਕਸਰਤ-ਘਰ ਵਿੱਚ ਕਸਰਤ ਕਰਨ ਦੇ ਕੋਈ ਦੋ ਲਾਭ ਲਿਖੋ ? **(2 marks)**

**Response:**

- **ਮੈਂਬਰਸ਼ਿਪ ਕਾਰਡ ਦਿਖਾ ਕੇ ਇਥੇ ਅੰਦਰ ਖੁੱਲ੍ਹੀ ਦੁਕਾਨ ਤੋਂ ਕੋਈ ਵੀ ਚੀਜ਼ ਦਸ ਪ੍ਰਤੀਸ਼ਤ ਛੋਟ (discount) ਤੇ ਖਰੀਦੀ ਜਾ ਸਕਦੀ ਹੈ ।**
- **ਟਰੇਂਨਰਜ਼ ਮੁਫ਼ਤ ਸਲਾਹ ਦਿੰਦੇ ਹਨ ।**
- **ਇਹ ਕਸਰਤ-ਘਰ ਸਿਰਫ਼ ਔਰਤਾਂ ਵਾਸਤੇ ਹੀ ਹੈ ।**
- **ਪਾਰਕਿੰਗ ਮੁਫ਼ਤ ਹੈ ।**
- **ਭਾਰ ਘਟਦਾ ਹੈ ।**
- **ਬਹੁਤ ਸਹੇਲੀਆਂ ਬਣ ਸਕਦੀਆਂ ਹਨ ।**
- **ਔਰਤ ਬੋਰ ਨਹੀਂ ਹੁੰਦੀ ।**
- **ਸਰੀਰ ਚੁਸਤ ਰਹਿੰਦਾ ਹੈ ।**

d) ਜੂਲੀਆ ਨੇ ਰੂਬੀ ਦੀ ਔਖਿਆਈ ਦਾ ਕੀ ਹੱਲ ਸੋਚਿਆ ? **(1 mark)**

**Response:**

- **ਉਸਨੇ ਕਿਹਾ ਕਿ ਉਹ ਆਪਣਾ ਬੱਚਾ ਉਸਦੇ ਬੇਬੇ ਜੀ ਕੋਲ ਛੱਡ ਜਾਇਆ ਕਰੇ ।**

**PART C: INFORMATIONAL COMMUNICATION**

**SECTION 5: NON-FICTION (JOURNALISTIC PROSE)**

**INSTRUCTIONS:** Answer question 4 in **Punjabi**. Your answers must be based on the article on page 12. Complete sentences are not required.

# ਅੱਜ ਦੀਆਂ ਤਾਜ਼ੀਆਂ ਖ਼ਬਰਾਂ

ਹੁਣ ਸੁਣੋ ਰੇਡੀਓ ਪੰਜਾਬ ਤੋਂ ਅੱਜ ਦੀਆਂ ਖ਼ਬਰਾਂ। ਖ਼ਬਰਾਂ ਤੁਹਾਡੇ ਤੱਕ ਪਹੁੰਚਾ ਰਹੀ ਹੈ ਆਸ਼ਾ ਕੌਰ :

**1**

ਕੱਲ੍ਹ ਮੁੰਬਈ ਵਿੱਚ ਕਰਵਾਏ ਗਏ ਖਾਣਾ ਬਣਾਉਣ ਦੇ ਮੁਕਾਬਲੇ ਵਿੱਚ ਰਸੋਈਏ (cook) ਸੁਰੇਸ਼ ਕੁਮਾਰ ਸ਼ੁਕਲਾ ਨੇ ਦੁਨੀਆ ਦੀ ਸਭ ਤੋਂ ਵੱਡੀ ਪੂਰੀ ਬਣਾਈ। ਸ਼ੁਕਲਾ ਇਸ ਮੁਕਾਬਲੇ ਵਿੱਚ ਜੇਤੂ ਰਿਹਾ। ਉਸਨੇ 5 ਕਿੱਲੋ ਕਣਕ ਦੇ ਆਟੇ ਤੋਂ ਸਵਾ ਚਾਰ ਫ਼ੁੱਟ ਵਿਆਸ (diameter) ਵਾਲੀ ਪੂਰੀ ਤਿਆਰ ਕੀਤੀ। ਇਹ ਪੂਰੀ ਇਸ ਮੌਕੇ ਲਈ ਖ਼ਾਸ ਤੌਰ ਤੇ ਬਣਾਈ ਗਈ ਕੜਾਹੀ ਵਿੱਚ ਤਲੀ ਗਈ। ਇਸ ਨੂੰ ਤਲਣ ਲਈ ਛੇ ਸੌ ਲੀਟਰ ਤੇਲ ਦੀ ਲੋੜ ਪਈ। ਮੁਕਾਬਲੇ ਦਾ ਆਯੋਜਨ (sponsorship) ਤੇਲ ਦੀਆਂ ਕੰਪਨੀਆਂ 'ਸਵੀਕਾਰ' ਅਤੇ 'ਨਿਰਲੇਪ' ਨੇ ਕੀਤਾ ਸੀ।

**2**

ਕੱਲ੍ਹ ਸ਼ਾਮ ਦੀ ਲਾਟਰੀ ਵਿੱਚੋਂ ਕੱਢੇ ਗਏ ਨੰਬਰਾਂ ਵਿੱਚੋਂ ਪਹਿਲੇ ਨੰਬਰ ਦੀ ਟਿਕਟ ਸੀ ਇੱਕ ਰੈਸਟੋਰੈਂਟ ਦੇ ਮਾਲਕ ਪਰਸਰਾਮ ਦੀ। ਪਰਸਰਾਮ ਦੀ ਇਸ ਚੰਗੀ ਕਿਸਮਤ ਦੀ ਖ਼ਬਰ ਦੂਰ-ਦੂਰ ਤੱਕ ਫ਼ੈਲ ਰਹੀ ਹੈ। ਉਸਨੇ ਆਪਣੀ ਸੁਰੱਖਿਆ (safety) ਦਾ ਧਿਆਨ ਰੱਖਦਿਆਂ ਹੋਇਆਂ ਰੈਸਟੋਰੈਂਟ ਬੰਦ ਕਰਨ ਦਾ ਫ਼ੈਸਲਾ ਕਰ ਲਿਆ ਹੈ। ਇਹ ਲਾਟਰੀ 125 ਕਰੋੜ ਰੁਪਏ ਦੀ ਸੀ। ਉਸਨੇ ਫ਼ੈਸਲਾ ਕੀਤਾ ਹੈ ਕਿ ਉਹ ਦੇਵ ਨਗਰ ਛੱਡ ਕੇ ਕਿਸੇ ਹੋਰ ਸ਼ਹਿਰ ਵਿੱਚ ਪਰਿਵਾਰ ਨਾਲ ਗੁਪਤਚਰ (anonymous) ਜੀਵਨ ਬਤੀਤ ਕਰਦਾ ਹੋਇਆ ਵੀ ਲੋੜਵੰਦਾਂ ਦੀ ਮਦਦ ਕਰਦਾ ਰਹੇਗਾ। ਉਸਦੇ ਮਿੱਤਰਾਂ ਨੂੰ ਯਕੀਨ ਹੈ ਕਿ ਉਹ ਲੋੜਵੰਦਾਂ ਦਾ ਹਮੇਸ਼ਾਂ ਮਦਦਗਾਰ ਰਹੇਗਾ ਕਿਉਂਕਿ ਦੇਵ ਨਗਰ ਵਿੱਚ ਵੀ ਉਹ ਆਪਣੇ ਰੈਸਟੋਰੈਂਟ ਵਿਚੋਂ ਕਈ ਭੁੱਖਿਆਂ ਨੂੰ ਮੁਫ਼ਤ ਭੋਜਨ ਰੋਜ਼ਾਨਾ ਖਵਾਇਆ ਕਰਦਾ ਸੀ। ਉਹ ਕੰਮ ਕਰਨ ਵਾਲਿਆਂ ਦਾ ਹਮੇਸ਼ਾਂ ਖਿਆਲ ਰੱਖਦਾ ਸੀ ਅਤੇ ਉਹਨਾਂ ਦੇ ਦੁੱਖ-ਸੁੱਖ ਵਿੱਚ ਭਾਈਵਾਲ ਬਣਦਾ ਸੀ।

4. a) ਰਸੋਈਏ ਨੇ ਪੂਰੀ ਕਿੰਨੀ ਵੱਡੀ ਬਣਾਈ ? **(1 mark)**

**Response:**

- **ਰਸੋਈਏ ਨੇ ਸਵਾ ਚਾਰ ਫ਼ੁੱਟ ਵਿਆਸ ਵਾਲੀ ਪੂਰੀ ਤਿਆਰ ਕੀਤੀ ।**

b) ਉਹਨਾਂ ਤੇਲ ਕੰਪਨੀਆਂ ਦੇ ਨਾਂ ਦੱਸੋ ਜਿਹਨਾਂ ਨੇ ਰਸੋਈਆਂ ਦਾ ਮੁਕਾਬਲਾ ਕਰਵਾਇਆ ? **(1 mark)**

**Response:**

- **ਇਸ ਮੁਕਾਬਲੇ ਦਾ ਆਯੋਜਨ ਤੇਲ ਦੀਆਂ ਕੰਪਨੀਆਂ 'ਸਵੀਕਾਰ' ਅਤੇ 'ਨਿਰਲੇਪ' ਨੇ ਕੀਤਾ ਸੀ ।**

c) ਪਰਸਰਾਮ ਰੈਸਟੋਰੈਂਟ ਕਿਉਂ ਬੰਦ ਕਰ ਰਿਹਾ ਹੈ ? **(1 mark)**

**Response:**

- **ਉਸਨੇ ਰੈਸਟੋਰੈਂਟ ਬੰਦ ਕਰਨ ਦਾ ਫ਼ੈਸਲਾ ਆਪਣੀ ਸੁਰੱਖਿਆ ਦਾ ਧਿਆਨ ਰੱਖਦਿਆਂ ਹੋਇਆਂ ਕੀਤਾ ।**

d) ਪਰਸਰਾਮ ਦਾ ਰੈਸਟੋਰੈਂਟ ਕਿੱਥੇ ਸੀ ? **(1 mark)**

**Response:**

- **ਪਰਸਰਾਮ ਦਾ ਰੈਸਟੋਰੈਂਟ ਦੇਵ ਨਗਰ ਵਿੱਚ ਸੀ ।**

e) ਉਸਦੇ ਦੋਸਤਾਂ ਨੂੰ ਕਿਉਂ ਯਕੀਨ ਹੈ ਕਿ ਉਹ ਦੇਵ ਨਗਰ ਛੱਡਕੇ ਵੀ ਲੋਕਾਂ ਦੀ ਮਦਦ ਕਰਦਾ ਰਹੇਗਾ ? ਕੋਈ ਇੱਕ ਕਾਰਨ ਦੱਸੋ । **(1 mark)**

**Response:**

- **ਉਸਦੇ ਦੋਸਤਾਂ ਨੂੰ ਯਕੀਨ ਹੈ ਕਿ ਉਹ ਦੇਵਨਸਰ ਛੱਡ ਕੇ ਵੀ ਲੋਕਾਂ ਦੀ ਮਦਦ ਕਰੇਗਾ ਕਿਉਂਕਿ ਹੁਣ ਵੀ ਉਹ ਦੇਵ ਨਗਰ ਵਿੱਚ ਵੀ ਆਪਣੇ ਰੈਸਟੋਰੈਂਟ ਵਿਚੋਂ ਕਈ ਭੁੱਖਿਆਂ ਨੂੰ ਮੁਫ਼ਤ ਭੋਜਨ ਰੋਜ਼ਾਨਾ ਖਵਾਇਆ ਕਰਦਾ ਹੈ । ਉਹ ਕੰਮ ਕਰਨ ਵਾਲਿਆਂ ਦਾ ਹਮੇਸ਼ਾਂ ਖ਼ਿਆਲ ਰੱਖਦਾ ਹੈ ਅਤੇ ਉਹਨਾਂ ਦੇ ਦੁੱਖ ਸੁੱਖ ਵਿੱਚ ਭਾਈਵਾਲ ਬਣਦਾ ਹੈ ।**

## SECTION 6: NON-FICTION (AUTHENTIC DOCUMENT)

**INSTRUCTIONS:** Answer question 5 in **English**. Your answers must be based on the information on page 16. Complete sentences are not required.

# ਨਵੇਂ ਸਾਲ ਦੀ ਭਾਰੀ ਸੇਲ



**ਪ੍ਰਾਈਮੱਸ ਐੱਸ. ਪੀ . ਸਿਲਾਈ ਮਸ਼ੀਨ**

900 ਮਾਰਕ 2000 ਮਾਡਲ

90 ਕਢਾਈ ਦੇ ਡਿਜ਼ਾਈਨ

ਪਾਵਰ ਸਪਲਾਈ ਹੱਥ ਜਾਂ ਪੈਰ ਦੀ

ਸੱਤ ਰੰਗਾਂ ਵਿੱਚ ਉਪਲਬਧ (available)

ਪੰਜ ਸਾਲ ਦੀ ਵਰੰਟੀ

$ 2000 ਦੀ ਮਸ਼ੀਨ ਹੁਣ $ 1200 ਦੀ

40 % ਦੀ ਕਟੌਤੀ



**ਪ੍ਰਾਈਮੱਸ ਐੱਲ.ਸਿਲਾਈ ਮਸ਼ੀਨ**

700 ਮਾਰਕ 1996 ਮਾਡਲ

25 ਕਢਾਈ ਦੇ ਡਿਜ਼ਾਈਨ

ਪਾਵਰ ਸਪਲਾਈ ਦੀ ਤਾਰ ਪੈਰ ਦੀ

ਤਿੰਨ ਰੰਗਾਂ ਵਿੱਚ ਉਪਲਬਧ

ਇੱਕ ਸਾਲ ਦੀ ਵਰੰਟੀ

$ 900 ਦੀ ਮਸ਼ੀਨ ਹੁਣ $ 500 ਦੀ

45 % ਦੀ ਕਟੌਤੀ



ਸਾਡੇ ਕੋਲ ਹੋਰ ਵੀ ਕਈ ਬਰੈਂਡ ਨੇਮ ਦੀਆਂ ਘਰੇਲੂ ਮਸ਼ੀਨਾਂ ਹਨ ।
ਅਸੀਂ ਇੰਡਸਟ੍ਰੀਅਲ ਮਸ਼ੀਨਾਂ ਵੀ ਵੇਚਦੇ ਹਾਂ ।
ਚਾਲੀ ਕਿਲੋਮੀਟਰ ਤੱਕ ਡਲਿਵਰੀ ਮੁਫ਼ਤ ਹੈ ।

**ਹੋਰ ਜਾਣਕਾਰੀ ਲਈ ਫ਼ੋਨ ਕਰੋ :**
ਪ੍ਰੇਮ ਸਿੰਘ ਪੰਕਜ ਜਾਂ ਮਹਿਮੂਦ ਅਜ਼ੀਜ਼
604-556-1234

**ਪਰੇਮ ਸਿਲਾਈ ਮਸ਼ੀਨ ਸਪਲਾਈ ਕੰਪਨੀ**
2570 – 161 ਐਵੀਨਿਯੂ, ਮੈਡੀਸਨ ਪਲਾਜ਼ਾ
ਚੈਟਵਿਕ, ਬੀ ਸੀ, ਕਨੇਡਾ V5P 6L5

5. a) For what special occasion has this sale been organized? **(1 mark)**

**Response:**

- **This sale has been organized to celebrate the start of the new year.**

b) How many different types of embroidery stitches does Primus S.P. have? **(1 mark)**

**Response:**

- **Primus S.P. has 90 different embroidery stitches.**

c) Other than embroidery, give two additional benefits of choosing the Primus S. P. over the Primus L. **(2 marks)**

**Response:**

**The additional benefits of the Primus S.P. are that it:**

- **has a five-year warranty.**
- **has a choice of foot or hand power supply.**
- **is available in more colors (7 versus 3).**
- **has 900 marks versus 700.**
- **has more embroidery stitch designs (90 versus 25).**

d) How many people can be contacted to get more information? **(1 mark)**

**Response:**

- **Two people can be contacted for more information.**

## PART D: INTERPERSONAL COMMUNICATION – WRITTEN EXPRESSION
## SECTION 7: DIALOGUE COMPLETION

**Value: 10 marks** **Suggested Time: 10 minutes**

| | |
|---|---|
| **INSTRUCTIONS:** | Using approximately 60 words, complete the following dialogue in **Punjabi**. Avoid repetition and lists. Marks will be awarded for content and for grammatical correctness. |

6. ਕਿਰਨ : ਰਾਣੀ ਤੂੰ ਗਿਆਰਵੀਂ ਵਿੱਚ ਦੂਸਰੀ ਭਾਸ਼ਾ ਕਿਹੜੀ ਰੱਖੀ ਹੈ ? **(10 marks)**

ਰਾਣੀ : ਮੈਂ ਪੰਜਾਬੀ ਲੈ ਰਹੀ ਹਾਂ ।

ਕਿਰਨ : ਤੂੰ ਪੰਜਾਬੀ ਕਿਉਂ ਰੱਖੀ ਹੈ ?

**OPEN ENDED—Marked Holistically**

**For Example:**

**ਰਾਣੀ : ਮੈਂ ਪੰਜਾਬੀ ਹੋਰ ਸਿਖਣਾ ਚਾਹੁੰਦੀ ਹਾਂ ।**

**ਕਿਰਨ : ਕਿਉਂ ?**

**ਰਾਣੀ : ਕਿਉਂਕਿ ਮੇਰੇ ਦਾਦੀ ਜੀ ਨੂੰ ਇੰਗਲਿਸ਼ ਸਮਝ ਨਹੀਂ ਆਉਂਦੀ । ਉਹ ਮੈਨੂੰ ਹਮੇਸ਼ਾਂ ਕਿਹਾ ਕਰਦੇ ਹਨ ਕਿ ਮੈਂ ਉਹਨਾਂ ਨੂੰ ਚਿੱਠੀ ਲਿਖਿਆ ਕਰਾਂ ।**

**ਕਿਰਨ : ਹਾਂ ਇਹ ਤਾਂ ਹੈ । ਪੰਜਾਬੀ ਨਾ ਆਉਣ ਕਰਕੇ ਮੈਂ ਵੀ ਆਪਣੇ ਇੰਡੀਆ ਰਹਿੰਦੇ ਭੈਣ-ਭਰਾਵਾਂ ਨਾਲ ਜ਼ਿਆਦਾ ਖੁੱਲ ਕੇ ਗੱਲ ਬਾਤ ਨਹੀਂ ਕਰ ਸਕਦੀ ।**

**ਰਾਣੀ : ਹਾਂ, ਸਕੂਲ ਦਾ ਕੰਮ ਜ਼ਿਆਦਾ ਹੋਣ ਕਰਕੇ ਮੈਂ ਪੰਜਾਬੀ ਸਕੂਲ ਨਹੀਂ ਜਾ ਸਕਦੀ । ਆਪਣੇ ਸਕੂਲ ਵਿੱਚ ਪੰਜਾਬੀ ਲੈਣ ਨਾਲ ਸਮਾਂ ਵੀ ਬੱਚ ਜਾਵੇਗਾ ਅਤੇ ਪੰਜਾਬੀ ਵੀ ਆ ਜਾਵੇਗੀ ।**

**ਕਿਰਨ : ਮੈਂ ਵੀ ਸੋਚ ਰਹੀਂ ਹਾਂ ਕਿ ਪੰਜਾਬੀ ਲੈ ਹੀ ਲਵਾਂ ।**

**ਰਾਣੀ : ਨਾਲੇ ਆਪਾਂ ਇਕੱਠੀਆਂ ਹੋ ਜਾਵਾਂਗੀਆਂ ।**

**ਕਿਰਨ : ਹਾਂ, ਇਹ ਗੱਲ ਬਹੁਤ ਵਧੀਆ ਹੈ !**

## SECTION 8: LETTER

**Value: 10 marks** **Suggested Time: 10 minutes**

| | |
|---|---|
| **INSTRUCTIONS:** | Write a short letter in **Punjabi**, using approximately 60 words, on the topic given below. Avoid repetition and lists. Marks will be awarded for content and for grammatical correctness. |

7. Imagine you are Raman. Write a letter thanking your grandmother and/or grandfather for buying you a new computer for your birthday. **(10 marks)**

**Note:** The letter should include appropriate salutation and closing phrases.
Students must avoid identifying themselves, their schools, or school districts.

**OPEN ENDED—Marked Holistically**

**For Example:**

54321 ੳ ਅ ੲ ਸਟਰੀਟ,
ੳ ਅ ੲ ਨਗਰ
ਬੀ ਸੀ
A1B 2C5

ਜੂਨ 26, 2001

ਮੇਰੇ ਪਿਆਰੀ ਬੇਬੇ ਜੀ,

ਸਤਿ ਸ੍ਰੀ ਅਕਾਲ,

ਕੀ ਹਾਲ ਹੈ ? ਉਮੀਦ ਹੈ ਕਿ ਤੁਸੀਂ ਸਾਰੇ ਠੀਕ ਠਾਕ ਹੋ । ਬੇਬੇ ਜੀ, ਮੈਨੂੰ ਤੁਹਾਡਾ ਦਿੱਤਾ ਤੋਹਫ਼ਾ ਬਹੁਤ ਪਸੰਦ ਹੈ । ਮੈਨੂੰ ਕੰਮਪੀਊਟਰ ਦੀ ਬਹੁਤ ਲੋੜ ਸੀ । ਮੈਂ ਤੁਹਾਡਾ ਬਹੁਤ ਧੰਨਵਾਦੀ ਹਾਂ । ਤੁਸੀਂ ਹਮੇਸ਼ਾਂ ਮੇਰੀ ਮਦਦ ਕਰਦੇ ਹੋ । ਜਦੋਂ ਵੀ ਮੈਨੂੰ ਕਿਸੇ ਚੀਜ਼ ਦੀ ਲੋੜ ਹੁੰਦੀ ਹੈ ਤੁਹਾਨੂੰ ਪਹਿਲਾਂ ਹੀ ਪਤਾ ਲੱਗ ਜਾਂਦਾ ਹੈ । ਜੇ ਮੇਰੇ ਲਾਇਕ ਕੋਈ ਸੇਵਾ ਹੋਵੇ ਤਾਂ ਜ਼ਰੂਰ ਦੱਸਣਾ । ਸਭ ਨੂੰ ਮੇਰੀ ਸਤਿ ਸ੍ਰੀ ਅਕਾਲ ਕਹਿਣਾ ।

ਪੈਰੀ ਪੈਨਾ ।

ਤੁਹਾਡਾ ਆਪਣਾ,
ਰਮਨ

## SECTION 9: MAP DIRECTIONS

**Value: 10 marks** **Suggested Time: 10 minutes**

**INSTRUCTIONS:** In complete **Punjabi** sentences, using approximately 60 words, respond to the topic given below. Avoid repetition and lists. Marks will be awarded for content and for grammatical correctness.

8. You want to go from the Air Canada counter to gate 18. Describe the route you will take and the landmarks you will pass. **(10 marks)**




**OPEN ENDED—Marked Holistically**

**For Example:**

- **ਮੈਂ ਏਅਰ ਕੈਨੇਡਾ ਕਾਊਂਟਰ ਤੋਂ ਨਿਕਲ ਕੇ ਪਰੈਜ਼ੀਡੈਂਟ ਮਾਰਗ ਤੇ ਸੱਜੇ ਮੁੜਾਂਗਾ। ਉਥੋਂ ਪੂਰਬ ਵੱਲ ਮੇਨ ਮਾਰਗ ਤੇ ਪਵਾਂਗਾ।**
- **ਉਥੋਂ ਇੰਟਰਨੈਸ਼ਨਲ ਅਰਾਈਵਲਜ਼ ਟਰਮੀਨਲ ਅੱਗੋਂ ਲੰਘ ਕੇ ਦੱਖਣ ਵੱਲ ਬੀ ਸੀ ਮਾਰਗ ਤੇ ਪਵਾਂਗਾ।**
- **ਉਥੋਂ ਪੂਰਬ ਵੱਲ ਜੇਨ ਮਾਰਗ ਤੇ ਪੈ ਕੇ, ਬੈੱਸਟ ਰੇਟ ਐਕਸਚੇਂਜ ਲੰਘ ਕੇ, 18 ਗੇਟ ਤੇ ਪਹੁੰਚ ਜਾਵਾਂਗਾ।**

**PUNJABI 12 HOLISTIC SCORING GUIDE**
**Story Completion / Letter / Map Directions**

### Scalepoint 5

The writer makes a statement on topic and develops it with clarity, ease, and depth. There is often evidence of a sophisticated level of thinking, originality, and flair. The development is cohesive and complete. The sentence structure is controlled and varied. The vocabulary is generally rich. The writer shows a mastery of Punjabi diction. Minor errors in spelling and grammar do not detract from the effectiveness of the writing.

### Scalepoint 4

The writer develops the topic and expresses ideas clearly and logically. He or she usually goes beyond simple description. Sentence structure is correct, but generally conventional. The writer uses appropriate Punjabi expressions, but rarely goes beyond high frequency vocabulary. Use of tenses is generally correct, but frequently limited in scope. Minor errors in spelling and grammar do not impede comprehension.

### Scalepoint 3

The writer communicates in a generally straightforward manner. Ideas are related, but they may not always be sequentially organized. The general impression of the writing is somewhat uninspired and often variable in quality. Idiomatic Punjabi and vocabulary are presented at a predominantly basic level. Despite a number of errors in spelling and grammar, the message is easily understood.

### Scalepoint 2

Development may be deficient or simplistic and does not go beyond stating the obvious. Ideas are not necessarily sequential, resulting in choppy reading which often requires the reader to fill in details. The writer uses basic vocabulary and occasionally resorts to direct translation from English. In general, verb tenses are incorrectly and randomly used. Although the writing may contain many grammatical errors, the message is still understood.

### Scalepoint 1

Ideas may or may not be related and do not follow a logical progression. Development is frequently insufficient, and the writing lacks clarity. Vocabulary used is inappropriate or misspelled, leading to confusion. The writing is often characterized by reliance on direct translation from English and the use of English words. Verb tenses are incorrectly formed and used. The large number of grammatical errors impedes comprehension.

### Scalepoint 0

Some text has been produced, but the effort is characterized by one or more of the following problems:

a) too deficient in length to evaluate
b) errors make the paper unintelligible
c) no discernible grasp of Punjabi expressions

**END OF KEY**